**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ**
**(ਸੈਕੰਡਰੀ ਸਿੱਖਿਆ ਸ਼ਾਖਾ)**

ਵੱਲ

ਸਮੂਹ ਪ੍ਰਿੰਸੀਪਲ (117 SOE Schools)
(ਵੈਬਸਾਈਟ ਰਾਹੀਂ)

ਮੀਮੋ ਨੰ. ਈ- 457382-2023 ਸੈਮਿ (2) / 2023412957
ਮਿਤੀ, ਸ.ਅ.ਸ ਨਗਰ 15/02/2023

ਵਿਸ਼ਾ:- School of Eminence ਵਿੱਚ ਚੁਣੇ ਗਏ ਸਕੂਲਾਂ ਵਿੱਚ ਐਨ.ਸੀ.ਸੀ.(NCC) ਅਤੇ ਐਨ.ਐਸ.ਐਸ.(NSS) ਦੇ ਯੂਨਿਟ ਸ਼ੁਰੂ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿੱਖਿਆ ਜਾਂਦਾ ਹੈ ਕਿ School of Eminence ਵਿੱਚ ਚੁਣੇ ਗਏ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਬਹੁ-ਪੱਖੀ ਵਿਕਾਸ ਲਈ ਮਿਆਰੀ ਵਿਦਿਅਕ ਕ੍ਰਿਆਵਾਂ ਦੇ ਨਾਲ-ਨਾਲ ਸਹਿ-ਵਿੱਦਿਅਕ ਕ੍ਰਿਆਵਾਂ ਜਿਵੇ ਕਿ ਐਨ.ਸੀ.ਸੀ., ਐਨ.ਐਸ.ਐਸ., ਅਤੇ Student Police Cadet Program ਆਦਿ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਨ੍ਹਾਂ ਸਕੂਲਾਂ ਵਿੱਚੋਂ ਕੁਝ ਸਕੂਲਾਂ ਵਿੱਚ ਪਹਿਲਾਂ ਹੀ ਐਨ.ਸੀ.ਸੀ. ਅਤੇ ਐਨ.ਐਸ.ਐਸ ਯੂਨਿਟ ਚੱਲ ਰਹੇ ਹਨ, ਪਰੰਤੂ ਜਿਨ੍ਹਾਂ ਸਕੂਲਾਂ ਵਿੱਚ ਐਨ.ਸੀ.ਸੀ ਅਤੇ ਐਨ.ਐਸ.ਐਸ ਮੌਜੂਦ ਨਹੀਂ ਹੈ, ਉਨ੍ਹਾਂ ਸਕੂਲਾਂ ਵੱਲੋਂ ਇੱਕ ਹਫਤੇ ਦੇ ਅੰਦਰ-ਅੰਦਰ ਅਪਲਾਈ ਕੀਤਾ ਜਾਣਾ ਜ਼ਰੂਰੀ ਹੈ। ਅਪਲਾਈ ਕਰਨ ਲਈ ਕੀਤੀ ਜਾਣ ਵਾਲੀ ਕਾਰਵਾਈ ਹੇਠ ਲਿਖੇ ਅਨੁਸਾਰ ਹੈ:-

**(ੳ) ਐਨ.ਸੀ.ਸੀ. (NCC) ਸ਼ੁਰੂ ਕਰਨ ਲਈ:-**

i. ਸਕੂਲਾਂ ਵਿੱਚ ਐਨ.ਸੀ.ਸੀ. ਦਾ ਯੂਨਿਟ ਸ਼ੁਰੂ ਕਰਨ ਲਈ ਆਪਣੇ ਨਾਲ ਸਬੰਧਤ ਜ਼ਿਲ੍ਹੇ ਦੇ ਗਰੁੱਪ ਹੈਡਕੁਆਟਰ ਅਤੇ ਐਨ.ਸੀ.ਸੀ ਯੂਨਿਟ ਨਾਲ ਰਾਬਤਾ ਕਾਇਮ ਕੀਤਾ ਜਾਵੇ, ਜਿਨ੍ਹਾਂ ਦੀ ਲਿਸਟ ਨਾਲ ਨੱਥੀ ਕੀਤੀ ਜਾਂਦੀ ਹੈ। ਐਨ.ਸੀ.ਸੀ ਸ਼ੁਰੂ ਕਰਵਾਉਣ ਲਈ ਸਬੰਧਤ ਦਸਤਾਵੇਜ਼ ਆਪਣੇ ਨੇੜੇ ਦੇ ਹੈਡਕੁਆਰਟਰ/ਯੂਨਿਟ ਵਿੱਚ ਹੀ ਜਮ੍ਹਾਂ ਕਰਵਾਏ ਜਾਣ।

ii. ਸਕੂਲ ਵਿੱਚ ਐਨ.ਸੀ.ਸੀ. ਯੂਨਿਟ ਲਈ ਅਧਿਆਪਕਾਂ ਵਿੱਚੋਂ ਇੱਕ ANO ਨਿਯੁਕਤ ਕੀਤਾ ਜਾਣਾ ਹੈ, ਜਿਸ ਦੀ ਉਮਰ 45 ਸਾਲ ਤੋਂ ਘੱਟ ਹੋਵੇ। ਅਜਿਹੇ ਚਾਹਵਾਨ ਅਧਿਆਪਕਾਂ ਤੋਂ ਪ੍ਰਤੀਬੇਨਤੀਆਂ ਪ੍ਰਾਪਤ ਕਰਕੇ ਆਪਣੇ ਜ਼ਿਲ੍ਹੇ ਦੇ ਐਨ.ਸੀ.ਸੀ. ਯੂਨਿਟ ਨੂੰ ਭੇਜੀਆ ਜਾਣ। ਜਿਸ ਅਧਿਆਪਕ ਨੂੰ ਐਨ.ਸੀ.ਸੀ. ਯੂਨਿਟ ਲਈ ANO ਚੁਣਿਆ ਜਾਵੇਗਾ ਉਸ ਨੂੰ ਬਣਦਾ ਮਾਣ-ਭੱਤਾ, ਫੌਜੀ ਕੰਟੀਨ ਦਾ ਕਾਰਡ ਅਤੇ ਸਮੇਂ-ਸਮੇਂ ਤੇ ਫੌਜੀ ਰੈਂਕ ਦਿੱਤਾ ਜਾਂਦਾ ਹੈ।

iii. ਜਿਨ੍ਹਾਂ ਸਕੂਲਾਂ ਵਿੱਚ ਐਨ.ਸੀ.ਸੀ. ਯੂਨਿਟ ਪਹਿਲਾਂ ਹੀ ਚੱਲ ਰਹੇ ਹਨ, ਉਹ ਆਪਣੀ ਸੂਚਨਾ ਅਤੇ ਵਿਦਿਆਰਥੀਆਂ ਦੀ ਗਿਣਤੀ ਭੇਜਦੇ ਹੋਏ ਇਹ ਵੀ ਸੁਨਿਸ਼ਚਿਤ ਕਰਨ ਕਿ ਉਨ੍ਹਾਂ ਦੇ ਸਕੂਲ ਵਿੱਚ ਐਨ.ਸੀ.ਸੀ. ਯੂਨਿਟ ਲਈ ਕੋਈ ਅਧਿਆਪਕ ਬਤੌਰ ANO ਕੰਮ ਕਰੇ। ਜੇਕਰ ਕੋਈ ANO ਕੰਮ ਨਹੀਂ ਕਰ ਰਿਹਾ ਤਾਂ ਉਸ ਦੀ ਨਿਯੁਕਤੀ ਕਰਨ ਲਈ ਅਧਿਆਪਕਾਂ ਤੋਂ ਪ੍ਰਤੀਬੇਨਤੀਆਂ ਪ੍ਰਾਪਤ ਕਰਕੇ ਆਪਣੇ ਜ਼ਿਲ੍ਹੇ ਦੀ ਸਬੰਧਤ ਐਨ.ਸੀ.ਸੀ. ਯੂਨਿਟ ਨੂੰ ਭੇਜੀਆ ਜਾਣ।

**(ਅ) ਐਨ.ਐਸ.ਐਸ.(NSS) ਸ਼ੁਰੂ ਕਰਨ ਲਈ:-**

i. ਐਨ.ਐਸ.ਐਸ. ਦਾ ਯੂਨਿਟ ਸ਼ੁਰੂ ਕਰਨ ਲਈ ਆਪਣੇ ਜ਼ਿਲ੍ਹੇ ਦੇ ਯੂਥ ਵੈਲਫੇਅਰ ਦਫਤਰ ਨਾਲ ਸੰਪਰਕ ਕੀਤਾ ਜਾਵੇ। ਐਨ.ਐਸ.ਐਸ. ਯੂਨਿਟ ਸਥਾਪਤ ਕਰਨ ਲਈ ਕਿਸੇ ਯੋਗ ਅਧਿਆਪਕ ਨੂੰ ਐਨ.ਐਸ.ਐਸ. ਯੂਨਿਟ ਦਾ ਇੰਚਾਰਜ ਨਿਯੁਕਤ ਕੀਤਾ ਜਾਵੇ।

ਉਪਰੋਕਤ ਦਰਸਾਏ ਅਨੁਸਾਰ ਐਨ.ਸੀ.ਸੀ. ਅਤੇ ਐਨ.ਐਸ.ਐਸ. ਯੂਨਿਟ ਸ਼ੁਰੂ ਕਰਨ ਸਬੰਧੀ ਕਾਰਵਾਈ ਕਰਕੇ ਸੂਚਨਾ ਸਬੰਧਤ ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਨੂੰ ਭੇਜੀ ਜਾਵੇ।

ਉਕਤ ਦਾ ਉਤਾਰਾ ਪਿੱਠ ਅੰਕ ਨੰ. 20235295੪ ਮਿਤੀ, ਸ.ਅ.ਸ ਨਗਰ 15/02/2023

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਨੂੰ ਭੇਜ ਕੇ ਲਿੱਖਿਆ ਜਾਂਦਾ ਹੈ ਕਿ School of Eminence ਅਧੀਨ ਚੁਣੇ ਗਏ ਸਕੂਲਾਂ ਵਿੱਚ ਐਨ.ਸੀ.ਸੀ. ਤੇ ਐਨ.ਐਸ.ਐਸ. ਨੂੰ ਸ਼ੁਰੂ ਕਰਵਾਇਆ ਜਾਵੇ ਅਤੇ ਇੱਕ ਹਫਤੇ ਦੇ ਅੰਦਰ-ਅੰਦਰ ਅਪਲਾਈ ਕਰਵਾਉਣਾ ਯਕੀਨੀ ਬਣਾਈਆ ਜਾਵੇ। ਪ੍ਰਾਪਤ ਸੂਚਨਾ consolidate ਕਰਨ ਉਪਰੰਤ ਇਸ ਦਫਤਰ ਨੂੰ ਈ-ਮੇਲ dpiseadsa@punjabeducation.gov.in ਰਾਹੀਂ ਭੇਜੀ ਜਾਵੇ।

ਸਹਾਇਕ ਡਾਇਰੈਕਟਰ (ਸੈ.ਸਿ.)

## List of Group Headquarters and Units

| Sr.No. | Group Headquarter/ NCC Unit | Contact Person | Contact Number |
|---|---|---|---|
| 1 | Jalandhar | Sh. D.S. Rana | 9876095818 |
| 2 | Amritsar | Sh. Rakesh Kumar | 9417374208 |
| 3 | Ludhiana | Sh. Manoj Sharma | 9463073052 |
| 4 | Patiala | Sh. Davinder | 9463368679 |

| | |
|---|---|
| **NCC Group HQ , Amritsar** | 1 PbBn NCC, Amritsar |
| | 7 PbBn NCC, Gurdaspur |
| | 11PbBn NCC, Amritsar |
| | 22 PbBn NCC, Batala |
| | 1 Pb (G) Bn NCC, Amritsar |
| | 1 Pb Arty Bty NCC, Amritsar |
| | 2 Pb Air Sqn NCC, Amritsar |
| **NCC Group HQ , Jalandhar** | 2 PbBn NCC, Jalandhar |
| | 2 Pb Girls Bn NCC, Jalandhar |
| | 1 Pb Air Sqn NCC, Jalandhar |
| | 8 PbBn NCC, Phagwara |
| | 12 PbBn NCC, Hoshiarpur |
| | 21 PbBn NCC, Kapurthala |
| | Sainik School, Kapurthala |
| **NCC Group HQ, Ludhiana** | 3 PbBn NCC, Ludhiana |
| | 13 PbBn NCC, Ferozepur |
| | 19 PbBn NCC, Ludhiana |
| | 3 Pb Girls Bn NCC, Ludhiana |
| | 5 Pb Girls Bn NCC, Moga |
| | 6 Pb Girls Bn NCC, Malout |
| | 1 Pb R&V Sqn NCC, Ludhiana |
| | 2 Pb (I) Coy NCC, Abohar |
| | 4 Pb Air Sqn NCC, Ludhiana |
| **NCC Group HQ, Patiala** | 5 PbBn NCC, Patiala |
| | 14 PbBn NCC, Nabha |
| | 20 PbBn NCC, Bhatinda |
| | 23 PbBn NCC, Ropar |
| | 4 Pb (G) Bn NCC, Patiala |
| | 3 Pb (I) Coy NCC, Ropar |
| | 2 Pb R&V Sqn NCC, Ghudda |
| | 1 Pb NU NCC, NayaNangal |
| | 3 Pb NU NCC, Bhatinda |
| | 3 Pb Air Sqn NCC, Patiala |